Sagacity: A Multidisciplinary Research Journal ISSN: 2583-7540 Jan - June 2026, Vol. 5, No.1.

# ਪੰਜਾਬੀ ਆਲੋਚਨਾ ਦੀ ਭਾਸ਼ਾ ਦਾ ਬਦਲਦਾ ਮੁਹਾਂਦਰਾ

**ਡਾ. ਗੁਰਪ੍ਰੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਖਾਲਸਾ ਕਾਲਜ ਫ਼ਾਰ ਵਿਮਨ, ਅੰਮ੍ਰਿਤਸਰ।

ਗਿਆਨ ਵਿਗਿਆਨ ਦੇ ਹਰੇਕ ਵਿਸ਼ੇ ਦੀ ਆਪਣੀ ਵੱਖਰੀ ਵਿਸ਼ੇਸ਼ ਭਾਸ਼ਾ ਹੁੰਦੀ ਹੈ ਜੋ ਉਸ ਗਿਆਨ ਖੇਤਰ ਦੇ ਘੇਰੇ ਵਿਚ ਆਉਣ ਵਾਲੇ ਸੰਕਲਪਾਂ ਨੂੰ ਨਿਸ਼ਚਿਤ ਅਰਥਾਂ ਵਿਚ ਪ੍ਰਗਟ ਕਰਦੀ ਹੈ। ਸਮੇਂ ਸਮੇਂ ਗਿਆਨ ਖੇਤਰ ਵਿਚ ਆਈਆਂ ਨਵੀਆਂ ਵਿਚਾਰਧਾਰਾਵਾਂ ਦੇ ਆਧਾਰ ਤੇ ਭਾਸ਼ਾ ਵਿਚ ਵੀ ਪਰਿਵਰਤਨ ਵਾਪਰਦਾ ਹੈ ਜਿਸ ਦੌਰਾਨ ਨਵੀਂ ਸ਼ਬਦਾਵਲੀ ਪੈਦਾ ਹੁੰਦੀ ਹੈ। ਇਸ ਕਰਕੇ ਕਿਸੇ ਵੀ ਸਾਹਿਤਕ ਵਿਧਾ ਜਾਂ ਅਧਿਐਨ ਖੇਤਰ ਨਾਲ ਸੰਬੰਧਤ ਕਿਸੇ ਵੀ ਪ੍ਰਣਾਲੀ ਦਾ ਸਮੁੱਚਾ ਭਾਸ਼ਾਗਤ ਅਧਿਐਨ ਕਰਨ ਲਈ ਉਸਦੇ ਆਰੰਭਲੇ ਪੜਾਅ ਤੋਂ ਵਿਕਾਸ ਯਾਤਰਾ ਦੇ ਸਾਰੇ ਪੜਾਵਾਂ ਵਿਚ ਆਈਆਂ ਤਬਦੀਲੀਆਂ ਦਾ ਅਧਿਐਨ ਕਰਨਾ ਲਾਜ਼ਮੀ ਹੁੰਦਾ ਹੈ। ਇਸ ਖੋਜ ਪੱਤਰ ਦੀ ਸੀਮਾ ਨਿਰਧਾਰਤ ਕਰਦੇ ਹੋਏ ਪੰਜਾਬੀ ਆਲੋਚਨਾ ਦੇ ਆਰੰਭਲੇ ਪੜਾਅ ਤੋਂ ਵਿਕਾਸ ਪੜਾਵਾਂ ਤੱਕ ਆਈਆਂ ਭਾਸ਼ਾਗਤ ਤਬਦੀਲੀਆਂ ਦਾ ਅਧਿਐਨ ਕੀਤਾ ਜਾਵੇਗਾ। ਇਹ ਅਧਿਐਨ ਪੰਜਾਬੀ ਆਲੋਚਕਾਂ ਦੀ ਭਾਸ਼ਾਈ ਵਰਤੋਂ ਅਤੇ ਨਵੀਆਂ ਵਿਚਾਰਧਾਰਾਈ ਪ੍ਰਣਾਲੀਆਂ ਦੀ ਸੰਕਲਪਗਤ ਸ਼ਬਦਾਵਲੀ ਤੇ ਆਧਾਰਿਤ ਹੋਵੇਗਾ।

ਸਾਹਿਤ ਆਲੋਚਨਾ ਇਕ ਸੁਤੰਤਰ ਵਿਧਾ ਹੈ ਜਿਸਦੀ ਆਪਣੀ ਇਕ ਵੱਖਰੀ ਹੋਂਦ ਅਤੇ ਸੰਚਾਰ ਪ੍ਰਬੰਧ ਹੈ। ਸਾਹਿਤ ਆਲੋਚਨਾ ਦਾ ਇਤਿਹਾਸ ਬਹੁਤਾ ਪੁਰਾਣਾ ਨਹੀ। ਵੀਹਵੀਂ ਸਦੀ ਤੋਂ ਪਹਿਲਾ ਪੰਜਾਬੀ ਦੇ ਉੱਤਮ ਸਾਹਿਤ ਸਿਰਜਣ ਦੀ ਪਰੰਪਰਾ ਤਾਂ ਪ੍ਰਬਲ ਸੀ, ਪਰੰਤੂ ਸਾਹਿਤ ਅਧਿਐਨ ਦਾ ਕਾਰਜ ਅਜੇ ਤਕ ਆਰੰਭ ਨਹੀ ਹੋਇਆ ਸੀ। ਡਾ. ਹਰਨਾਮ ਸਿੰਘ ਸ਼ਾਨ ਨੇ ਆਪਣੀ ਪੁਸਤਕ 'ਪਰਖ ਪੜਚੋਲ' ਵਿਚ ਬਾਬਾ ਫਰੀਦ ਦੇ ਸਲੋਕਾਂ ਉੱਪਰ ਗੁਰੂ ਸਾਹਿਬਾਨਾਂ ਦੀਆਂ ਟਿੱਪਣੀਆਂ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਕਿੱਸਾਕਾਰਾਂ ਦੀਆਂ ਆਪਣੇ ਸਮਕਾਲੀ ਕਿੱਸਾਕਾਰਾਂ ਉੱਪਰ ਕੀਤੀਆਂ ਟਿੱਪਣੀਆਂ ਨੂੰ ਪੰਜਾਬੀ ਆਲੋਚਨਾ ਦਾ ਮੁੱਢ ਆਖਿਆ ਹੈ। ਪਰੰਤੂ ਇਹਨਾਂ ਟਿੱਪਣੀਆਂ ਨੂੰ ਪੰਜਾਬੀ ਆਲੋਚਨਾ ਦਾ ਆਰੰਭ ਨਹੀ ਮੰਨਿਆ ਜਾ ਸਕਦਾ।

ਪੰਜਾਬੀ ਆਲੋਚਨਾ ਦਾ ਅਸਲ ਆਰੰਭ 1913 ਵਿਚ ਬਾਵਾ ਬੁੱਧ ਸਿੰਘ ਦੀਆਂ ਪੁਸਤਕਾਂ ਹੰਸ ਚੋਗ (1913), ਕੋਇਲ ਕੂ (1915), ਬੰਬੀਹਾ ਬੋਲ (1925) ਨਾਲ ਹੋਇਆ ਮੰਨਿਆਂ ਜਾਂਦਾ ਹੈ। ਇਹਨਾਂ ਪੁਸਤਕਾਂ ਵਿਚ ਉਸਨੇ ਸਾਹਿਤ ਦੀ ਇਤਿਹਾਸਕਾਰੀ ਅਤੇ ਪੰਜਾਬੀ ਰਚਨਾਵਾਂ ਨੂੰ ਸੰਗ੍ਰਹਿਤ ਕਰਨ ਦਾ ਮੁੱਢਲਾ ਯਤਨ ਕੀਤਾ। ਪੰਜਾਬੀ ਆਲੋਚਨਾ ਦਾ ਆਰੰਭਕ ਯਤਨ ਹੋਣ ਕਰਕੇ ਉਸਦੀ ਭਾਸ਼ਾ ਸਾਧਾਰਨ ਕਿਸਮ ਦੀ ਹੈ। ਉਸਦੀਆਂ ਪੁਸਤਕਾਂ ਵਿਚ ਵਰਤੀ ਗਈ ਭਾਸ਼ਾ ਕਾਵਿ ਭਾਸ਼ਾ ਦੇ ਵਧੇਰੇ ਨੇੜੇ ਹੋਣ ਕਰਕੇ ਅਲੰਕਾਰਕ ਹੋ ਨਿਬੜਦੀ ਹੈ। ਡਾ. ਹਰਭਜਨ ਸਿੰਘ ਭਾਟੀਆ ਨੇ ਲਿਖਿਆ ਹੈ-

> "ਬਾਵਾ ਬੁੱਧ ਸਿੰਘ ਰਚਨਾਵਾਂ ਦੇ ਸਾਹਿਤਕ ਗੁਣ ਉਜਾਗਰ ਕਰਨ ਲਈ, ਆਪਣੀ ਪ੍ਰਸੰਨ ਚਿਤ ਬਿਰਤੀ ਸਦਕਾ, ਅਜਿਹੇ ਕੋਰੇ ਕਥਨ ਪੇਸ਼ ਕਰਦਾ ਹੈ ਜਿੰਨ੍ਹਾਂ ਨੂੰ ਨਾ ਤਾਂ ਪੁਸ਼ਟ ਕੀਤਾ ਜਾ ਸਕਦਾ

ਹੈ ਅਤੇ ਨਾ ਹੀ ਰੱਦ । "ਕਿਆ ਸੋਹਣਾ ਖਿਆਲ ਹੈ", ਬੜੀ ਉੱਚੀ ਪਦਵੀ ਦੇ ਸਲੋਕ ਹਨ", ਕਹੀ ਸੋਹਣੀ ਕਵਿਤਾ ਹੈ", ਕਵਿਤਾ ਦਾ ਰੰਗ ਅਸਚਰਜ ਹੈ", ਬੋਲੀ ਬੜੀ ਮਿੱਠੀ ਹੈ", "ਅਰ ਰਾਗ ਤੇ ਸੁਰ ਭਰਿਆ ਹੋਇਆ ਹੈ" ਅਤੇ "ਕਹੀ ਅਚਰਜ ਸੋਹਣੀ ਤੇ ਮਿੱਠੀ ਕਵਿਤਾ ਹੈ"......।"1

ਉਪਰੋਕਤ ਪ੍ਰਸੰਸਾਮਈ ਟਿੱਪਣੀਆਂ ਵਿਚ ਉਸਦੀ ਭਾਸ਼ਾ ਦਾ ਕਾਵਿਕ ਅਤੇ ਅਲੰਕਾਰਕ ਅੰਸ਼ ਉੱਭਰਦਾ ਹੈ। ਉਹ ਆਪਣੀਆਂ ਲਿਖਤਾਂ ਵਿਚ 'ਸੋਹਣਾ', 'ਕਿਆ', 'ਕਹੀ', 'ਉੱਚੀ', 'ਮਿੱਠੀ' ਆਦਿ ਵਿਸ਼ੇਸ਼ਣਾਂ ਦੀ ਵਰਤੋਂ ਕਰਦਾ ਹੋਇਆ ਅਜਿਹੇ ਅਲੰਕਾਰ ਸਿਰਜਦਾ ਹੈ ਜਿਸ ਤੋਂ ਉਸਦੀ ਪੰਜਾਬੀ ਸਾਹਿਤ ਅਤੇ ਭਾਸ਼ਾ ਪ੍ਰਤੀ ਪ੍ਰਸੰਸਾਮਈ ਅਤੇ ਮੋਹਭਾਵੀ ਬਿਰਤੀ ਉਜਾਗਰ ਹੁੰਦੀ ਹੈ।

ਪੰਜਾਬੀ ਆਲੋਚਨਾ ਦੇ ਆਰੰਭਲੇ ਦੌਰ ਵਿਚ ਬਾਵਾ ਬੁੱਧ ਸਿੰਘ ਵਾਂਗ ਮੌਲਾ ਬਖਸ਼ ਕੁਸ਼ਤਾ, ਪ੍ਰਿੰ. ਤੇਜਾ ਸਿੰਘ, ਪ੍ਰੋ. ਪੂਰਨ ਸਿੰਘ, ਦੀ ਆਲੋਚਨਾ ਵਿਚ ਵੀ ਕਾਵਿਕ ਭਾਸ਼ਾ ਦਾ ਅੰਸ਼ ਭਾਰੂ ਰਹਿੰਦਾ ਹੈ। ਉਦਾਹਰਨ ਵਜੋਂ ਪ੍ਰੋ. ਪੂਰਨ ਸਿੰਘ ਕਵਿਤਾ ਦੇ ਸਰੂਪ ਅਤੇ ਲੱਛਣਾਂ ਨੂੰ ਬੜੀ ਭਾਵੁਕਤਾ ਨਾਲ ਪੇਸ਼ ਕੀਤਾ ਹੈ । ਉਹ ਲਿਖਦਾ ਹੈ-

"ਪਿਆਰ ਵਿਚ ਮੋਏ ਬੰਦਿਆਂ ਦੇ ਮਿਠੇ ਬਚਨ ਕਵਿਤਾ ਹਨ।"2

ਸੋ ਪਹਿਲੇ ਦੌਰ ਦੇ ਆਲੋਚਕਾਂ ਦੀ ਭਾਸ਼ਾ ਵਿਚ ਮੁਹਾਂਦਰੇ ਪੱਖੋਂ ਸਮਾਨਤਾ ਮਿਲਦੀ ਹੈ। ਇਹ ਭਾਸ਼ਾ ਵਧੇਰੇ ਅਲੰਕਾਰਕ, ਸਾਧਾਰਨ ਅਤੇ ਕਾਵਿਕ ਭਾਸ਼ਾ ਦੇ ਨੇੜੇ ਹੋ ਵਿਚਰਦੀ ਹੈ। ਇਸ ਦੌਰ ਦੇ ਆਲੋਚਕ ਆਲੋਚਨਾਤਮਕ ਜੁਗਤਾਂ ਦੀ ਥਾਂ ਸਿਰਜਣਾਤਮਕ ਜੁਗਤਾਂ ਦੀ ਵਰਤੋਂ ਕਰਦੇ ਹਨ। ਅਸਲ ਵਿਚ ਪੰਜਾਬੀ ਆਲੋਚਨਾ ਸਭਿਆਚਾਰਕ ਸੰਕਟਮਈ ਸਥਿਤੀ, ਭਾਸ਼ਾ ਦੀ ਗੌਰਵਤਾ, ਵਿਰਸੇ ਦੀ ਸਾਂਭ ਸੰਭਾਲ ਅਤੇ ਅੰਗਰੇਜ਼ੀ ਸਾਹਿਤ ਦੇ ਸਮਾਨਾਂਤਰ ਪੰਜਾਬੀ ਸਾਹਿਤ ਦੇ ਪ੍ਰਚਾਰ ਦੀ ਰੁਚੀ ਵਿਚੋਂ ਆਰੰਭ ਹੁੰਦੀ ਹੈ। ਇਸ ਕਰਕੇ ਮੁੱਢਲੀ ਪੰਜਾਬੀ ਆਲੋਚਨਾ ਦੀ ਭਾਸ਼ਾ ਸਿਧਾਂਤ ਰਹਿਤ ਹੋ ਕੇ ਵਧੇਰੇ ਪ੍ਰਸੰਸਾਮਈ ਅਤੇ ਪ੍ਰਭਾਵਮਈ ਹੀ ਰਹਿੰਦੀ ਹੈ।

1957 ਵਿਚ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਤਬਦੀਲੀ ਵਾਪਰਦੀ ਹੈ। ਸੰਤ ਸਿੰਘ ਸੇਖੋਂ ਆਪਣੀ ਪੁਸਤਕ 'ਸਾਹਿਤਿਆਰਥ' ਨਾਲ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਜਿਸ ਨਾਲ ਪੰਜਾਬੀ ਦੀ ਸਿਧਾਂਤਕ ਆਲੋਚਨਾ ਦਾ ਆਰੰਭ ਹੁੰਦਾ ਹੈ। ਸੇਖੋਂ ਨੇ ਸਾਹਿਤ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਪ੍ਰਯੋਜਨ ਨੂੰ ਮਾਰਕਸਵਾਦੀ ਦਰਸ਼ਨ ਪ੍ਰਬੰਧ ਦੇ ਆਧਾਰ ਤੇ ਪੁਨਰ ਪਰਿਭਾਸ਼ਤ ਕੀਤਾ। ਸੇਖੋਂ ਦੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਪ੍ਰਵੇਸ਼ ਨਾਲ ਪੰਜਾਬੀ ਆਲੋਚਨਾ ਦੀ ਭਾਸ਼ਾ ਵਿਚ ਵੀ ਤਬਦੀਲੀ ਵਾਪਰਦੀ ਹੈ। ਉਸਨੇ ਪੰਜਾਬੀ ਆਲੋਚਨਾ ਨੂੰ ਕਾਵਿ ਭਾਸ਼ਾ ਦੇ ਘੇਰੇ ਵਿਚੋਂ ਕੱਢਕੇ ਵਿਗਿਆਨਕ ਲੀਹਾਂ ਉੱਪਰ ਪਾਇਆ। ਉਸਦੀ ਆਲੋਚਨਾ ਪੱਛਮੀ ਮਾਰਕਸਵਾਦੀ ਸਿਧਾਂਤਾਂ ਤੋਂ ਪ੍ਰੇਰਿਤ ਹੋਣ ਕਰਕੇ ਮਾਰਕਸਵਾਦ ਆਲੋਚਨਾ ਪ੍ਰਣਾਲੀ ਨਾਲ ਸੰਬੰਧਤ ਬਹੁਤ ਸਾਰੀ ਸ਼ਬਦਾਵਲੀ ਪੰਜਾਬੀ ਆਲੋਚਨਾ ਵਿਚ ਪ੍ਰਵੇਸ਼ ਕਰਦੀ ਹੈ। ਇਹ ਸਬਦਾਵਲੀ ਵਧੇਰੇ ਸੰਕਲਪਕ ਅਤੇ ਵਿਗਿਆਨਕ ਸੀ। ਜਿਵੇਂ ਉਸਾਰ, ਆਧਾਰ, ਪਦਾਰਥਵਾਦ, ਦਵੰਦਵਾਦ ਪਦਾਰਥਵਾਦ, ਇਤਿਹਾਸਕ ਪਦਾਰਥਵਾਦ, ਸਾਮੰਦਵਾਦ, ਪੂੰਜੀਵਾਦ, ਪ੍ਰੋਲੋਧਾਰੀ ਸ਼੍ਰੇਣੀ, ਬੁਰਜੂਆ ਸ਼੍ਰੇਣੀ, ਕੰਮਿਊਨਿਸਟ, ਪ੍ਰੱਤੀਬੱਧਤਾ ਆਦਿ ਸ਼ਬਦਾਵਲੀ। ਸੇਖੋਂ ਦੀ ਆਲੋਚਨਾ ਵਿਚ ਇਹਨਾਂ ਮਾਰਕਸਵਾਦੀ ਸੰਕਲਪਕ ਸ਼ਬਦਾਂ ਦੀ ਭਰਮਾਰ ਦੇਖਣ ਨੂੰ ਮਿਲਦੀ ਹੈ। ਇਸ ਤਰ੍ਹਾਂ ਸੇਖੋਂ ਦੇ ਆਉਣ ਨਾਲ ਜਿਥੇ

ਪੰਜਾਬੀ ਆਲੋਚਨਾ ਆਪਣੇ ਵਿਕਾਸ ਵੱਲ ਤੁਰਦੀ ਹੈ ਉਥੇ ਪੰਜਾਬੀ ਆਲੋਚਨਾ ਦੀ ਭਾਸ਼ਾ ਵਿਚ ਵੀ ਪੱਰਪੱਕਤਾ ਆਉਂਦੀ ਹੈ । ਸਤਿੰਦਰ ਸਿੰਘ ਨੂਰ ਨੇ ਇਸ ਦੌਰ ਦੀ ਭਾਸ਼ਾ ਬਾਰੇ ਲਿਖਿਆ ਹੈ–

> "ਸੰਸਾਰ ਭਰ ਵਿਚ ਸਾਹਿਤ ਦੇ ਰੂਪ ਵੀ ਵਿਕਸਤ ਹੋ ਚੁੱਕੇ ਸਨ ਤੇ ਆਲੋਚਨਾ ਦੀ ਸ਼ਬਦਾਵਲੀ ਵੀ। ਪੰਜਾਬੀ ਆਲੋਚਨਾ ਵੀ ਇਸ ਬਾਰੇ ਚੇਤੰਨ ਹੋਣੀ ਸ਼ੁਰੂ ਹੋਈ ਤੇ ਪਹਿਲੀ ਵਾਰ ਆਲੋਚਨਾ ਦੀ ਨਵੀਂ ਭਾਸ਼ਾ ਦਾ ਮਸਲਾ ਸੰਤ ਸਿੰਘ ਸੇਖੋਂ ਦੀ ਆਲੋਚਨਾ ਵਿਚ ਸਾਹਮਣੇ ਆਇਆ ।"3

ਉਪਰੋਕਤ ਟਿੱਪਣੀ ਤੋਂ ਆਭਾਸ ਹੁੰਦਾ ਹੈ ਕਿ ਸੇਖੋਂ ਦੇ ਆਲੋਚਨਾ ਜਗਤ ਵਿਚ ਆਉਣ ਨਾਲ ਪੰਜਾਬੀ ਆਲੋਚਨਾ ਦੇ ਨਾਲ ਨਾਲ ਪੰਜਾਬੀ ਆਲੋਚਨਾਤਮਕ ਭਾਸ਼ਾ ਵੀ ਵਿਕਸਤ ਹੁੰਦੀ ਹੈ।

ਮਾਰਕਸਵਾਦੀ ਵਿਚਰਾਧਾਰਾ ਨੂੰ ਅਪਣਾਉਣ ਵਾਲਾ ਅਗਲਾ ਆਲੋਚਕ ਕਿਸ਼ਨ ਸਿੰਘ ਹੈ ਜਿਸਦੀ ਸਮੁੱਚੀ ਆਲੋਚਨਾ ਗੁਰਬਾਣੀ ਦੀ ਨਵੀਂ ਵਿਆਖਿਆ ਅਤੇ ਕਿੱਸਾ ਕਾਵਿ ਦੇ ਬੁਨਿਆਦੀ ਸੰਕਲਪਾਂ ਦੇ ਧਾਰਮਿਕ ਮੁਹਾਵਰੇ ਤੇ ਆਧਾਰਿਤ ਰਹਿੰਦੀ ਹੈ। ਉਹ ਸੇਖੋਂ ਵਾਂਗ ਮਾਰਕਸਵਾਦ ਦੇ ਤਕਨੀਕੀ ਸ਼ਬਦਾਂ ਦੀ ਵਰਤੋਂ ਤਾਂ ਘੱਟ ਕਰਦਾ ਹੈ ਪਰੰਤੂ ਉਸਦੀ ਭਾਸ਼ਾ ਵਿਚ ਅੰਗਰੇਜ਼ੀ ਸ਼ਬਦਾਵਲੀ ਦੀ ਭਰਮਾਰ ਦੇਖਣ ਨੂੰ ਮਿਲਦੀ ਹੈ। ਜਿਵੇਂ ਫਾਰਮ, ਕੰਟੈਂਟ, ਡਾਇਲੈਕਟਿਕਸ, ਟੋਟੈਲਿਟੀ, ਰੈਸ਼ਨਲ ਆਦਿ ਸ਼ਬਦਾਂ ਨੂੰ ਉਵੇ ਹੀ ਵਰਤਿਆ ਗਿਆ ਹੈ। ਮਿਸਾਲ ਵਜੋਂ–

> "ਵਿਰੋਧੀ/ਦੁਸ਼ਮਣ ਤਾਕਤਾਂ ਦੇ ਭੈਅ ਤੇ ਦਬਾਅ ਹੇਠ ਸਤਾਲਨ ਤੇ ਜ਼ਦਾਨੋਵ ਵਰਗਿਆਂ ਦੇ ਪੈਰ ਉੱਖੜ ਗਏ, ਇਤਿਹਾਸ ਇਸ ਗੱਲ ਦਾ ਗਵਾਹ ਹੈ । ਇਸ ਲਈ ਮੈਂ ਮਾਰਕਸੀ ਚਿੰਤਕਾਂ ਨੂੰ ਆਪਣੇ ਸਮੇਤ ਇਹ ਯਾਦ ਕਰਵਾਉਣਾ ਚਹਾਂਗਾਂ ਕਿ ਡਾਇਲੈਕਟੀਕਲ ਲੌਜਿਕ ਯਥਾਰਥ ਨੂੰ ਸਮਝਣ ਇਕੋ ਇਕ ਸਹੀ ਵਿਧੀ ਹੈ, ਫਾਰਮਲ ਲੌਜਿਕ ਇਸਦਾ ਇਕ ਅੰਸ਼ ਹੈ, ਜੋ ਸਾਧਾਰਨ ਵਿਹਾਰ ਵਿਚ ਕੰਮ ਆਉਂਦੀ ਹੈ ।"4

ਇਸ ਵਿਚਾਰਧਾਰਾ ਨਾਲ ਸੰਬੰਧਤ ਅਗਲੇ ਆਲੋਚਕ ਡਾ. ਅਤਰ ਸਿੰਘ ਅਤੇ ਨਜ਼ਮ ਹੁਸੈਨ ਸੱਯਦ ਹਨ। ਜਿਥੇ ਡਾ. ਅਤਰ ਸਿੰਘ ਅੰਤਰ ਅਨੁਸ਼ਾਸਨੀ ਵਿਧੀ ਦੀ ਵਰਤੋਂ ਕਰਦਾ ਹੋਇਆ ਪਰੰਪਰਾ, ਆਧੁਨਿਕਤਾ, ਪਰੰਪਰਾਵਾਦ, ਆਧੁਨਿਕਤਾਵਾਦ ਵਰਗੇ ਸੰਕਲਪਕ ਸ਼ਬਦਾਂ ਦੀ ਵਰਤੋਂ ਕਰਦਾ ਹੈ ਉਥੇ ਨਜ਼ਮ ਹੁਸੈਨ ਸੱਯਦ ਤਕਨੀਕੀ ਸ਼ਬਦਾਵਲੀ ਦੀ ਵਰਤੋਂ ਤੋਂ ਗੁਰੇਜ਼ ਕਰਦਾ ਹੋਇਆ ਲੋਕ ਮੁਹਾਵਰੇ ਵਿਚ ਆਪਣੀਆਂ ਆਲੋਚਨਾਤਮਕ ਟਿੱਪਣੀਆਂ ਨੂੰ ਪੇਸ਼ ਕਰਦਾ ਹੈ। ਉਸਦੀ ਭਾਸ਼ਾ ਵਿਚ ਪੰਜਾਬੀ ਅਤੇ ਲਹਿੰਦੀ ਬੋਲੀ ਦਾ ਸੁਮੇਲ ਦੇਖਿਆ ਜਾ ਸਕਦਾ ਹੈ। ਮਿਸਾਲ ਵਜੋਂ–

> "ਰਮਜ਼ਾ ਨੂੰ ਸਿਆਣਨ ਲਈ ਉਹਨੂੰ ਧਿਆਨ ਦਿਆਂ ਹਨੇਰਿਆਂ ਵਿਚ ਪਕਾਵਣਾ ਪੈਂਦਾ ਏ । ਉਥੇ ਉਹ ਪੱਕ ਕੇ ਖਿੜਦੀ ਏ ਤੇ ਖਿੜ ਕੇ ਮਾਅਨਿਆਂ ਦੇ ਰੂਪ ਵਿਖਾਂਵਦੀ ਏ ।"5

ਸੋ ਉਪਰੋਕਤ ਆਲੋਚਕ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰੇਰਿਤ ਸਨ ਜਿਸ ਕਰਕੇ ਉਹਨਾਂ ਦੀ ਭਾਸ਼ਾ ਵਿਚ ਇਸ ਵਿਚਾਰਧਾਰਾ ਨਾਲ ਸੰਬੰਧਤ ਸੰਕਲਪਕ ਸ਼ਬਾਦਵਲੀ ਦੀ ਵਰਤੋਂ ਹੋਈ ਮਿਲਦੀ ਹੈ। ਇਸ ਸ਼ਬਦਾਵਲੀ ਦੀ ਵਰਤੋਂ ਨਾਲ ਪੰਜਾਬੀ ਆਲੋਚਨਾ ਦੀ ਭਾਸ਼ਾ ਕਾਵਿ ਭਾਸ਼ਾ ਦੀ ਵਲਗਣ ਵਿਚੋਂ ਨਿਕਲਦੀ ਹੈ ਵਿਗਿਆਨਕ ਲੀਹਾਂ ਉੱਪਰ ਪੈਂਦੀ ਹੈ।

1970 ਤੋਂ ਬਾਅਦ ਪੰਜਾਬੀ ਆਲੋਚਨਾ ਵਿਚ ਨਵੀਆਂ ਵਿਚਾਰਧਾਰਵਾਂ ਜਨਮ ਲੈਂਪਦੀਆਂ ਹਨ ਜਿਸ ਨਾਲ ਪੰਜਾਬੀ ਆਲੋਚਨਾ ਵਿਚ ਵੀ ਤਬਦੀਲੀ ਵਾਪਰਦੀ ਹੈ ਅਤੇ ਇਸਦੀ ਭਾਸ਼ਾ ਜਟਿਲ ਹੋਣ ਲੱਗਦੀ ਹੈ । ਇਸ ਦੌਰਾਨ ਪੰਜਾਬੀ ਵਿਚ ਰੂਪਵਾਦ, ਸੰਰਚਨਾਵਾਦ, ਅਸਤਿਤਵਵਾਦ, ਚਿੰਨ੍ਹ ਵਿਗਿਆਨ ਆਦਿ ਆਲੋਚਨਾਤਮਕ ਪ੍ਰਣਾਲੀਆਂ ਸਮਾਨਾਂਤਰ ਰੂਪ ਵਿਚ ਚਲਦੀਆਂ ਹੋਈਆਂ ਆਪਸ ਵਿਚ ਸੰਵਾਦ ਰਚਾਉਂਦੀਆਂ ਹਨ। ਸਾਹਿਤ ਦੀ ਸਾਹਿਤਕਤਾ ਅਤੇ ਸਾਹਿਤ ਵਿਗਿਆਨ ਦਾ ਮਾਡਲ ਸਥਾਪਤ ਕਰਨ ਵਾਲੀ ਇਸ ਦੌਰ ਦੀ ਆਲੋਚਨਾ ਪੱਛਮੀ ਰੂਪਵਾਦੀ ਸੰਰਚਨਾਵਾਦੀ ਵਿਚਾਰਧਾਰਾ ਤੇ ਆਧਾਰਿਤ ਸੀ। ਜਿਸ ਕਰਕੇ ਇਸ ਵਿਚਾਰਧਾਰਾ ਨਾਲ ਸੰਬੰਧਤ ਨਵੀਂ ਸ਼ਬਦਾਵਲੀ (ਰੂਪ, ਵਸਤੂ, ਥੀਮ, ਥੀਮ ਵਿਗਿਆਨ, ਫੇਬੁਲਾ, ਸੁਜੇਤ, ਮੋਟਿਫ, ਸੁਹਜਵਾਦ, ਅਜਨਬੀਕਰਨ, ਅਗਰਭੂਮਨ ਆਦਿ) ਪੰਜਾਬੀ ਆਲੋਚਨਾ ਦਾ ਹਿੱਸਾ ਬਣਦੀ ਹੈ।

ਰੂਪਵਾਦੀ ਸੰਰਚਨਾਵਾਦੀ ਆਲੋਚਨਾ ਪ੍ਰਣਾਲੀ ਨੂੰ ਪੰਜਾਬੀ ਆਲੋਚਨਾ ਵਿਚ ਸਥਾਪਿਤ ਕਰਨ ਵਾਲਾ ਪ੍ਰਮੁੱਖ ਆਲੋਚਕ ਡਾ. ਹਰਿਭਜਨ ਸਿੰਘ ਸੀ। ਡਾ. ਹਰਿਭਜਨ ਸਿੰਘ ਸਾਹਿਤ ਦੀ ਪ੍ਰਕਿਰਤੀ ਨੂੰ ਭਾਸ਼ਾ ਵਿਗਿਆਨਕ ਮਾਡਲਾਂ ਨਾਲ ਸੰਬੰਧਤ ਕਰਕੇ ਵੇਖਦਾ ਹੋਇਆ ਨਵੀਂ ਆਲੋਚਨਾਤਮਕ ਭਾਸ਼ਾ ਦਾ ਉਤਪਾਦਨ ਕਰਦਾ ਹੈ। ਉਸਦੀਆਂ ਪੁਸਤਕਾਂ ਵਿਚ ਰੂਪਵਾਦ, ਸੰਰਚਨਾਵਾਦ, ਚਿਹਨ ਵਿਗਿਆਨ, ਥੀਮ ਵਿਗਿਆਨ, ਸਿਸਟਮੀ ਵਿਗਿਆਨ ਆਦਿ ਅਨੁਸ਼ਾਸ਼ਨਾਂ ਨਾਲ ਸੰਬੰਧਤ ਸੰਕਲਪਕ ਸ਼ਬਦਾਵਲੀ ਦੀ ਵਰਤੋਂ ਹੋਈ ਮਿਲਦੀ ਹੈ। ਉਸ ਦੁਆਰਾ ਵਰਤੀ ਗਈ ਨਵੀਂ ਆਲੋਚਨਾਤਮਕ ਸ਼ਬਦਾਵਲੀ ਆਲੋਚਨਾਤਮਕ ਭਾਸ਼ਾ ਦਾ ਨਵਾਂ ਮੁਹਾਂਦਰਾ ਸਥਾਪਤ ਕਰਦੀ ਹੈ।

ਆਲੋਚਨਾ ਦੇ ਇਸ ਦੌਰ ਨਾਲ ਸੰਬੰਧਤ ਅਗਲਾ ਆਲੋਚਕ ਤਰਲੋਕ ਸਿੰਘ ਕੰਵਰ ਹੈ। ਜਿਸਦਾ ਚਿੰਤਨ ਰੂਪਵਾਦ, ਸੰਰਚਨਾਵਾਦ ਅਤੇ ਚਿਹਨ ਵਿਗਿਆਨ ਦੇ ਮਾਡਲਾਂ ਤੇ ਆਧਾਰਿਤ ਰਹਿੰਦਾ ਹੈ। ਇਹਨਾਂ ਮਾਡਲਾਂ ਦੀ ਵਰਤੋਂ ਕਰਦਿਆਂ ਉਸਦੀ ਭਾਸ਼ਾ ਇੰਨੀ ਜਟਿਲ ਹੋ ਨਿਬੜਦੀ ਹੈ ਕਿ ਸੰਚਾਰ ਦੀ ਸਮੱਸਿਆ ਪੈਦਾ ਕਰਦੀ ਹੈ। ਨਿਮਨ ਲਿਖਤ ਸਤਰਾਂ ਉਸਦੀ ਭਾਸ਼ਾ ਦੀ ਜਟਿਲਦਾ ਦਾ ਨਮੂਨਾ ਪੇਸ਼ ਕਰਦੀਆਂ ਹਨ –

> "ਪ੍ਰਤੀਕਰਮਾਂ ਦੀ ਨਿਰੰਤਰਤਾ ਨੂੰ ਸਥਗਿਤ ਪ੍ਰਤੀਉੱਤਰ ਦੁਆਰਾ ਨਿਯੰਤਰਣ ਵਿਚ ਲੈਣ ਨਾਲ ਮਨੁੱਖ ਵਾਸਤਵਿਕਤਾ ਦੀ ਵੇਗਵਾਨ ਗਤੀ ਨੂੰ ਸੰਭਾਵਨਾ ਦੀ ਸੰਜਮਸ਼ੀਲ ਦ੍ਰਿਸ਼ਟੀ ਵਿਚ ਰੂਪਾਂਤ੍ਰਤ ਕਰਦਾ ਹੈ।"6

ਪੰਜਾਬੀ ਆਲੋਚਨਾ ਦੇ ਖੇਤਰ ਵਿਚ ਡਾ. ਸਤਿੰਦਰ ਸਿੰਘ ਨੂਰ ਦੀ ਆਲੋਚਨਾਤਮਕ ਭਾਸ਼ਾ ਵੀ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। ਉਹ ਆਪਣੇ ਚਿੰਤਨ ਵਿਚ ਰੂਪਵਾਦੀ ਸੰਰਚਨਾਵਾਦੀ ਆਲੋਚਨਾ ਪ੍ਰਣਾਲੀਆਂ ਦੇ ਨਾਲ ਨਾਲ ਨਵੇਂ ਸੰਕਲਪਾਂ ਦਾ ਵੀ ਜ਼ਿਕਰ ਕਰਦਾ ਹੈ। ਉਸਦੀ ਭਾਸ਼ਾ ਦਾ ਵਿਸ਼ੇਸ਼ ਗੁਣ ਹੈ ਕਿ ਇਹ ਸੰਜਮੀ ਅਤੇ ਸਰਲ

ਹੈ। ਉਹ ਜਟਿਲ ਗੱਲਾਂ ਵੀ ਸੌਖੇ ਸ਼ਬਦਾਂ ਵਿਚ ਕਰਦਾ ਹੈ ਤਾਂ ਜੋ ਪਾਠਕਾਂ ਤਕ ਸੰਚਾਰ ਹੋ ਸਕੇ। ਉਸਦੀ ਭਾਸ਼ਾ ਦਾ ਇਕ ਨਮੂਨਾ ਦੇਖਿਆ ਜਾ ਸਕਦਾ ਹੈ -

> "ਕਾਵਿ-ਵਿਧਾ 'ਚੋਂ ਲੰਘਕੇ ਜਦੋਂ ਸ਼ਾਇਰ, ਕਲਾਕਾਰ ਕਾਵਿ-ਦੇਵ ਬਣਦਾ ਹੈ, ਉਦੋਂ ਹੀ ਕਵਿਤਾ ਜਾਂ ਕਲਾ ਚਿਹਨ/ਚਿਹਨਿਕ ਦਾ ਰੂਪ ਧਾਰਕੇ ਅਨੰਤ ਅਰਥਾਂ 'ਚ ਫੈਲਦੀ ਹੈ, ਵਿਚਾਰਧਾਰਾ ਦੇ ਪਾਸਾਰ ਖੁਲ੍ਹਦੇ ਨੇ, ਬਿੰਬਾਂ ਦੀ ਲੀਲ੍ਹਾ ਫੈਲਦੀ ਹੈ, ਸਪੇਸ ਵਿਸਤਿਰਤ ਹੋ ਜਾਂਦੀ ਹੈ । " 7

ਇਸ ਦੌਰ ਦੇ ਅਗਲੇ ਆਲੋਚਕਾਂ ਡਾ. ਜਗਬੀਰ ਸਿੰਘ, ਡਾ. ਅਮਰੀਕ ਸਿੰਘ ਪੁੰਨੀ, ਡਾ. ਗੁਰਚਰਨ ਸਿੰਘ ਅਰਸ਼ੀ, ਡਾ. ਸਤਿੰਦਰ ਸਿੰਘ, ਡਾ. ਮਨਜੀਤ ਸਿੰਘ, ਡਾ. ਦੇਵਿੰਦਰ ਕੌਰ ਆਦਿ ਦੀ ਭਾਸ਼ਾ ਵੀ ਪੱਛਮੀ ਸਾਹਿਤ ਚਿੰਤਨ ਦੀ ਸ਼ਬਦਾਵਲੀ ਨੂੰ ਹੀ ਅਪਣਾਉਂਦੀ ਹੈ। ਇਸ ਦੌਰ ਵਿਚ ਰੂਪਵਾਦ ਆਲੋਚਨਾ ਪ੍ਰਣਾਲੀ ਦੇ ਨਾਲ ਨਾਲ ਸੰਰਚਨਾਵਾਦੀ ਆਲੋਚਨਾ ਵੀ ਸਮਾਨਾਂਤਰ ਰੂਪ ਵਿਚ ਚਲਦੀ ਹੈ। ਇਹ ਆਲੋਚਨਾ ਪ੍ਰਣਾਲੀ ਪ੍ਰਮੁੱਖ ਰੂਪ ਵਿਚ ਸਾਸਿਊਰ ਦੇ ਭਾਸ਼ਾ ਵਿਗਿਆਨਕ ਮਾਡਲਾਂ ਤੇ ਆਧਾਰ ਤੇ ਸਾਹਿਤਕ ਰਚਨਾਵਾਂ ਦੀਆਂ ਭਾਸ਼ਾਈ ਜੁਗਤਾਂ ਅਤੇ ਭਾਸ਼ਾਈ ਵਿਧੀਆਂ ਦਾ ਅਧਿਐਨ ਕਰਨ ਤਕ ਸੀਮਤ ਰਹਿੰਦੀ ਹੈ। ਇਸ ਆਲੋਚਨਾਤਮਕ ਪ੍ਰਣਾਲੀ ਦੇ ਨਾਲ ਭਾਸ਼ਾ ਵਿਗਿਆਨ ਨਾਲ ਸੰਬੰਧਤ ਸੰਕਲਪਕ ਸ਼ਬਦਾਵਲੀ ਭਾਸ਼ਾ ਉਚਾਰ, ਚਿਹਨ, ਚਿਹਨਤ, ਚਿਹਨਕ, ਪੈਰਾਡਾਈਮ, ਸਿੰਟੈਗਮੈਟਿਕ, ਪੈਰਾਡਿਗਮੈਟਿਕ, ਲਾਂਗ, ਪੈਰੋਲ ਆਦਿ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। 1990 ਤੱਕ ਪੰਜਾਬੀ ਆਲੋਚਨਾ ਇਹਨਾਂ ਪੱਛਮੀ ਆਲੋਚਨਾ ਪ੍ਰਣਾਲੀਆਂ ਤੇ ਕੇਂਦਰਿਤ ਰਹਿੰਦੀ ਹੋਈ ਪੱਛਮੀ ਆਲੋਚਨਾ ਦੀ ਸੰਕਲਪਕ ਸ਼ਬਦਾਵਲੀ ਨੂੰ ਅਨੁਵਾਦਤ ਰੂਪ ਵਿਚ ਗ੍ਰਹਿਣ ਕਰਦੀ ਹੋਈ ਜਟਿਲ ਅਤੇ ਅਸ਼ਪੱਸ਼ਟ ਭਾਸ਼ਾ ਦਾ ਮੁਹਾਂਦਰਾ ਗ੍ਰਹਿਣ ਕਰਦੀ ਜਾਂਦੀ ਹੈ।

1990 ਤੋਂ ਬਾਅਦ ਪੰਜਾਬੀ ਸਭਿਆਚਾਰ ਵਿਚ ਨਵੀਆਂ ਪ੍ਰਵਿਰਤੀਆਂ ਹੋਂਦ ਵਿਚ ਆਉਂਦੀਆਂ ਹਨ। ਸੂਚਨਾ, ਸਿੱਖਿਆ, ਵਿਗਿਆਨ, ਸਾਇੰਸ ਤਕਨਾਲੋਜੀ ਆਦਿ ਦੇ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਵਾਪਰਦੀਆਂ ਹਨ। ਇਹਨਾਂ ਤਬਦੀਲੀਆਂ ਨਾਲ ਜਿਥੇ ਪੰਜਾਬੀ ਜਨ-ਜੀਵਨ ਪ੍ਰਭਾਵਿਤ ਹੁੰਦਾ ਹੈ ਉਥੇ ਸਾਹਿਤ ਅਤੇ ਸਾਹਿਤ ਅਧਿਐਨ ਦੇ ਸਰੋਕਾਰਾਂ ਵਿਚ ਵੀ ਤਬਦੀਲੀ ਵਾਪਰਦੀ ਹੈ। ਇਸ ਦੌਰਾਨ ਜਿਥੇ ਪੂਰਵਲੀਆਂ ਆਲੋਚਨਾ ਪ੍ਰਣਾਲੀਆਂ ਦੇ ਉੱਤਰ ਰੂਪ ਹੋਂਦ ਵਿਚ ਆਉਂਦੇ ਹਨ ਉਥੇ ਵਿਸ਼ਵੀਕਰਨ ਵਰਗੀ ਨਵੀਂ ਵਿਚਾਰਧਾਰਾ ਪੈਦਾ ਹੁੰਦੀ ਹੈ। ਜਿਸ ਕਰਕੇ ਇਸ ਦੌਰ ਦੀ ਆਲੋਚਨਾ ਅੰਤਰ-ਰਾਸ਼ਟਰੀ ਸਰੋਕਾਰਾਂ ਨੂੰ ਅਪਣਾਉਂਦੀ ਹੈ। ਭਾਵੇਂ ਇਥੇ ਆਲੋਚਨਾ ਦੀ ਭਾਸ਼ਾ ਵਿਚ ਕੋਈ ਖ਼ਾਸ ਤਬਦੀਲੀ ਨਹੀ ਵਾਪਰਦੀ, ਪਰੰਤੂ ਅੰਤਰ-ਰਾਸ਼ਟਰੀ ਸਰੋਕਾਰਾਂ ਨਾਲ ਸੰਬੰਧਤ ਕੁਝ ਨਵੇਂ ਸੰਕਲਪਕ ਸ਼ਬਦ (ਅਨਿਸ਼ਚਿਤਤਾ, ਅਨੇਕਤਾ, ਸਮਾਨਾਂਤਰਤਾ, ਹੈਬਿਟਸ, ਪੈਰਾਲੋਜੀ, ਮਿਊਟੇਸ਼ਨ, ਲਿਬਿਡੋ, ਵਿਡੰਬਨਾ, ਵਿਕੇਂਦਰੀਕਰਨ, ਵਿਸ਼ਵੀਕਰਨ, ਆਦਿ) ਪੰਜਾਬੀ ਆਲੋਚਨਾ ਵਿਚ ਵਿਚ ਪ੍ਰਵੇਸ਼ ਕਰਦੇ ਹਨ। ਇਸ ਦੌਰ ਦੇ ਆਲੋਚਕ ਆਪਣੇ ਪੂਰਵਲੇ ਆਲੋਚਕਾਂ ਦੀ ਸੰਕਲਪਕ ਸ਼ਬਦਾਵਲੀ ਦੀ ਵਰਤੋਂ ਦੇ ਨਾਲ ਨਾਲ ਆਪਣੀ ਮੌਲਿਕ ਆਲੋਚਨਾਤਮਕ ਭਾਸ਼ਾ ਵੀ ਸਿਰਜਦੇ ਹਨ। ਡਾ. ਟੀ. ਆਰ. ਵਿਨੋਦ, ਡਾ. ਰਵਿੰਦਰ ਸਿੰਘ ਰਵੀ, ਤੇਜਵੰਤ ਸਿੰਘ ਗਿੱਲ, ਡਾ. ਗੁਰਬਖ਼ਸ਼ ਸਿੰਘ ਫ਼ਰੈਂਕ, ਕੇਸਰ ਸਿੰਘ ਕੇਸਰ, ਸੁਰਜੀਤ ਸਿੰਘ ਭੱਟੀ, ਡਾ. ਰਘਬੀਰ ਸਿੰਘ ਸਿਰਜਣਾ ਆਦਿ ਇਸ ਦੌਰ ਦੇ ਪ੍ਰਮੁੱਖ ਆਲੋਚਕ ਹਨ। ਇਹਨਾਂ ਆਲੋਚਕਾਂ ਦੀ ਭਾਸ਼ਾ ਵਧੇਰੇ ਪਰਿਭਾਸ਼ਕ ਤੇ ਵਿਆਖਿਆਮੂਲਕ ਹੋਣ

ਦੇ ਨਾਲ ਨਾਲ ਜਟਿਲ ਵੀ ਹੋ ਜਾਂਦੀ ਹੈ ਜੋ ਅਰਥ ਸੰਚਾਰ ਦੀ ਸਮੱਸਿਆ ਪੈਦਾ ਕਰਦੀ ਹੈ। ਡਾ. ਹਰਿਭਜਨ ਸਿੰਘ ਭਾਟੀਆ ਡਾ. ਰਵਿੰਦਰ ਸਿੰਘ ਰਵੀ ਦੀ ਭਾਸ਼ਾ ਬਾਰੇ ਲਿਖਦੇ ਹਨ–

> "ਉਹਨਾਂ ਦੀ ਆਲੋਚਨਾ ਦ੍ਰਿਸ਼ਟੀ ਅਤੇ ਆਲੋਚਨਾਤਮਕ ਸੰਕਲਪਾਂ ਅਤੇ ਉਨ੍ਹਾਂ ਵਲੋਂ ਵਰਤੀ ਭਾਸ਼ਾ ਦੇ ਹੱਕ ਵਿਚ ਅਤੇ ਵਿਰੋਧ ਵਿਚ ਕਾਫੀ ਕੁਝ ਕਿਹਾ ਜਾ ਸਕਦਾ ਹੈ। ਪਰੰਤੂ ਵਿਚਾਰਾਂ ਦੀ ਜਟਿਲਤਾ ਨੂੰ ਪੇਸ਼ ਕਰਨ ਲਈ ਕਈ ਵਾਰ ਭਾਸ਼ਾ ਦਾ ਆਮ ਪਾਠਕ ਲਈ ਮੁਸ਼ਕਿਲ ਲੱਗਣਾ ਬੜਾ ਸੁਭਾਵਕ ਹੈ।"8

ਆਲੋਚਨਾ ਪ੍ਰਣਾਲੀਆਂ ਦੇ ਇਹਨਾਂ ਉੱਤਰ ਰੂਪਾਂ ਦੇ ਨਾਲ ਨਾਲ ਵਿਸ਼ਵੀਕਰਨ ਪ੍ਰਬਲ ਰੂਪ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਉੱਪਰ ਭਾਰੂ ਹੋਣ ਲੱਗਦਾ ਹੈ। ਮਹਾਂਨਗਰੀ ਦੀ ਵਿਡੰਬਣਾ, ਦਲਿਤ ਚੇਤਨਾ, ਨਾਰੀ ਚੇਤਨਾ ਆਦਿ ਬਾਰੇ ਨਵੀਆਂ ਧਾਰਨਾਵਾਂ ਸਥਾਪਤ ਹੁੰਦੀਆਂ ਹਨ। ਸ਼ੈਲੀ ਵਿਗਿਆਨ, ਵਿਰਚਨਾਵਾਦ, ਮਨੋਵਿਗਿਆਨ, ਮੈਟਾ ਆਲੋਚਨਾ ਵਰਗੇ ਅਧਿਐਨ ਹੋਂਦ ਵਿਚ ਆਉਂਦੇ ਹਨ। ਇਥੇ ਆ ਕੇ ਪੰਜਾਬੀ ਆਲੋਚਨਾ ਦੀ ਭਾਸਾ ਵਧੇਰੇ ਮਕੈਨਕੀ ਅਤੇ ਅਸਪੱਸ਼ਟ ਹੋ ਜਾਂਦੀ ਹੈ ਜਿਸ ਨਾਲ ਅਰਥ ਸੰਚਾਰ ਆਮ ਪਾਠਕ ਦੀ ਪਹੁੰਚ ਤੋਂ ਦੂਰ ਚਲਾ ਜਾਂਦਾ ਹੈ। ਇਸ ਦੌਰ ਦੇ ਆਲੋਚਕਾਂ ਵਿਚ ਡਾ. ਵਨੀਤਾ, ਡਾ. ਗੁਰਭਗਤ ਸਿੰਘ, ਗੁਰਪਾਲ ਸਿੰਘ ਸੰਧੂ, ਜਗਬੀਰ ਕੇਸਰ, ਅਮਰਜੀਤ ਗਰੇਵਾਲ, ਡਾ. ਹਰਿਭਜਨ ਸਿੰਘ ਭਾਟੀਆ, ਡਾ. ਭੀਮ ਇੰਦਰ ਸਿੰਘ ਆਦਿ ਦੇ ਨਾਂ ਜ਼ਿਕਰਯੋਗ ਹਨ। ਇਸ ਤਰ੍ਹਾਂ ਅਜੋਕੀ ਪੰਜਾਬੀ ਆਲੋਚਨਾ ਨਵੇਂ ਸਰੋਕਾਰਾਂ ਨੂੰ ਪੇਸ਼ ਕਰਦੀ ਹੋਈ ਭਾਸ਼ਾਈ ਵਰਤੋਂ ਵਿਚ ਵੀ ਆਪਣਾ ਵੱਖਰਾ ਮੁਹਾਂਦਰਾ ਸਥਾਪਤ ਕਰਦੀ ਜਾ ਰਹੀ ਹੈ।

ਪੰਜਾਬੀ ਆਲੋਚਨਾਤਮਕ ਭਾਸ਼ਾ ਦਾ ਉਪਰੋਕਤ ਅਧਿਐਨ ਕਰਨ ਉਪਰੰਤ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਆਲੋਚਨਾਤਮਕ ਭਾਸ਼ਾ ਆਪਣੇ ਆਰੰਭਲੇ ਦੌਰ ਵਿਚ ਕਾਵਿ ਭਾਸ਼ਾ ਦੇ ਵਧੇਰੇ ਨੇੜੇ ਪ੍ਰਸੰਸਾਮਈ ਅਤੇ ਪ੍ਰਭਾਵਮਈ ਰਹੀ। ਜਿਵੇਂ ਜਿਵੇਂ ਆਲੋਚਨਾ ਆਪਣੇ ਵਿਕਾਸ ਵਲ ਵੱਧਦੀ ਹੈ ਪੰਜਾਬੀ ਆਲੋਚਨਾ ਦੀ ਭਾਸ਼ਾ ਵੀ ਵਿਕਸਤ ਹੁੰਦੀ ਹੈ। ਪੱਛਮੀ ਆਲੋਚਨਾਤਮਕ ਪ੍ਰਣਾਲੀਆਂ ਦੇ ਨਵੇਂ ਨਵੇਂ ਸੰਕਲਪਾਂ ਨਾਲ ਸੰਬੰਧਤ ਤਕਨੀਕੀ ਅਤੇ ਵਿਗਿਆਨਕ ਸ਼ਬਦਾਵਲੀ ਅਨੁਵਾਦਤ ਰੂਪ ਵਿਚ ਪੰਜਾਬੀ ਆਲੋਚਨਾ ਦਾ ਹਿੱਸਾ ਬਣਦੀ ਹੈ। 1990 ਤੋਂ ਬਾਅਦ ਨਵੀਆਂ ਪ੍ਰਵਿਰਤੀਆਂ ਦੇ ਆਉਣ ਨਾਲ ਇਹ ਭਾਸ਼ਾ ਜਿਥੇ ਆਪਣਾ ਮੌਲਿਕ ਮੁਹਾਂਦਰਾ ਅਖ਼ਤਿਆਰ ਕਰਦੀ ਹੈ ਉਥੇ ਵਧੇਰੇ ਜਟਿਲ ਅਤੇ ਅਸ਼ਪੱਸ਼ਟ ਹੋ ਜਾਂਦੀ ਹੈ। ਸੋ ਅਜੋਕੀ ਪੰਜਾਬੀ ਆਲੋਚਨਾ ਦੀ ਭਾਸ਼ਾ ਅਜਿਹਾ ਮੁਹਾਂਦਰਾ ਅਖ਼ਤਿਆਰ ਕਰ ਰਹੀ ਹੈ ਜੋ ਆਮ ਪਾਠਕ ਵਰਗ ਤਕ ਅਰਥ ਸੰਚਾਰ ਦੀ ਸਮੱਸਿਆ ਪੈਦਾ ਕਰਦਾ ਹੈ ।

## ਹਵਾਲੇ ਤੇ ਟਿੱਪਣੀਆਂ

1. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2013, ਪੰਨਾ 37.

2. ਪ੍ਰੋ. ਪੂਰਨ ਸਿੰਘ, ਖੁੱਲੇ ਲੇਖ, ਸੁੰਦਰ ਬੁੱਕ ਡਿਪੋ, ਜਲੰਧਰ, 1999, ਪੰਨਾ 18.

3. ਹਰਿਭਜਨ ਸਿੰਘ ਭਾਟੀਆ, (ਸੰਪਾ.) ਵੀਹਵੀ ਸਦੀ ਦੀ ਪੰਜਾਬੀ ਆਲੋਚਨਾ: ਸੰਬਾਦ ਅਤੇ ਮੱਲਾਂਕਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006, ਪੰਨਾ 101.

4. ਜਸਬੀਰ ਕੇਸਰ, (ਸੰਪਾ.) ਕੇਸਰ ਸਿੰਘ ਕੇਸਰ ਸਿਧਾਂਤ ਚਿੰਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 11.

5. ਡਾ. ਹੀਰਾ ਸਿੰਘ (ਸੰਪਾ.) ਸੇਧਾਂ ਇਕ ਵਿਸ਼ਲੇਸ਼ਣ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2015, ਪੰਨਾ 52.

6. ਤਰਲੋਕ ਸਿੰਘ ਕੰਵਰ, ਥਾਪਨਾ ਉਥਾਪਨਾ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1989, ਪੰਨਾ 28.

7. ਸਤਿੰਦਰ ਸਿੰਘ ਨੂਰ, ਕਵਿਤਾ ਰਚਨਾ ਵਿਰਚਨਾ, ਸ਼ਿਲਾਲੇਖ, ਦਿੱਲੀ, 2009, ਪੰਨਾ 54.

8. ਹਰਿਭਜਨ ਸਿੰਘ ਭਾਟੀਆ, ਡਾ. ਰਵਿੰਦਰ ਰਵੀ ਦਾ ਚਿੰਤਨ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003, ਪੰਨਾ 35.